# Prime Minister’s visit to Germany, Denmark and France

April 27, 2022

....................

## ਪ੍ਰਧਾਨ ਮੰਤਰੀ ਵੱਲੋਂ ਜਰਮਨੀ, ਡੈਨਮਾਰਕ ਅਤੇ ਫਰਾਂਸ ਦੀ ਫੇਰੀ

**27 ਅਪ੍ਰੈਲ, 2022**

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ 2-4 ਮਈ, 2022 ਤੱਕ ਜਰਮਨੀ, ਡੈਨਮਾਰਕ ਅਤੇ ਫਰਾਂਸ ਦੀ ਸਰਕਾਰੀ ਯਾਤਰਾ ਕਰਨਗੇ। 2022 ਵਿੱਚ ਪ੍ਰਧਾਨ ਮੰਤਰੀ ਦੀ ਇਹ ਪਹਿਲੀ ਵਿਦੇਸ਼ ਯਾਤਰਾ ਹੋਵੇਗੀ।

2. ਬਰਲਿਨ ਵਿੱਚ ਪ੍ਰਧਾਨ ਮੰਤਰੀ ਜਰਮਨੀ ਦੇ ਸੰਘੀ ਚਾਂਸਲਰ ਮਹਾਮਹਿਮ ਓਲਾਫ ਸਕੋਲਜ਼ ਨਾਲ ਦੁਵੱਲੀ ਗੱਲਬਾਤ ਕਰਨਗੇ ਅਤੇ ਦੋਵੇਂ ਆਗੂ ਭਾਰਤ-ਜਰਮਨੀ ਅੰਤਰ-ਸਰਕਾਰੀ ਸਲਾਹ-ਮਸ਼ਵਰੇ (IGC) ਦੇ ਛੇਵੇਂ ਸੰਸਕਰਨ ਦੀ ਸਹਿ-ਪ੍ਰਧਾਨਗੀ ਕਰਨਗੇ। IGC ਨਾਮ ਦੇ ਵਿਲੱਖਣ ਦੋ-ਸਾਲਾ ਸੰਵਾਦ ਫਾਰਮੈਟ ਵਿੱਚ ਦੋਵਾਂ ਪਾਸਿਆਂ ਦੇ ਕਈ ਮੰਤਰੀਆਂ ਦੀ ਸ਼ਮੂਲੀਅਤ ਵੇਖਣ ਨੂੰ ਮਿਲਦੀ ਹੈ। ਚਾਂਸਲਰ ਸਕੋਲਜ਼ ਨਾਲ ਇਹ ਪ੍ਰਧਾਨ ਮੰਤਰੀ ਦੀ ਪਹਿਲੀ IGC ਹੋਵੇਗੀ ਅਤੇ ਦਸੰਬਰ 2021 ਵਿੱਚ ਅਹੁਦਾ ਸੰਭਾਲਣ ਵਾਲੀ ਨਵੀਂ ਜਰਮਨ ਸਰਕਾਰ ਦਾ ਪਹਿਲੀ ਸਰਕਾਰ ਪੱਧਰ ਦਾ ਸਲਾਹ-ਮਸ਼ਵਰਾ ਵੀ ਹੋਵੇਗਾ। ਆਪਣੀ ਫੇਰੀ ਦੌਰਾਨ ਪ੍ਰਧਾਨ ਮੰਤਰੀ ਅਤੇ ਚਾਂਸਲਰ ਸਕੋਲਜ਼ ਸਾਂਝੇ ਤੌਰ 'ਤੇ ਇੱਕ ਕਾਰੋਬਾਰੀ ਸਮਾਗਮ ਨੂੰ ਸੰਬੋਧਨ ਕਰਨਗੇ। ਪ੍ਰਧਾਨ ਮੰਤਰੀ ਜਰਮਨੀ ਵਿੱਚ ਭਾਰਤੀ ਭਾਈਚਾਰੇ ਨੂੰ ਸੰਬੋਧਨ ਕਰਨਗੇ ਅਤੇ ਉਨ੍ਹਾਂ ਨਾਲ ਗੱਲਬਾਤ ਕਰਨਗੇ।

3. 2021 ਵਿੱਚ ਭਾਰਤ ਅਤੇ ਜਰਮਨੀ ਨੇ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੇ 70 ਸਾਲ ਪੂਰੇ ਹੋਏ ਸਨ ਅਤੇ ਦੋਵੇਂ ਦੇਸ਼ 2000 ਤੋਂ ਹੀ ਰਣਨੀਤਕ ਭਾਈਵਾਲ ਹਨ। ਇਸ ਦੌਰੇ ਸਦਕਾ ਬਹੁਤ ਸਾਰੇ ਖੇਤਰਾਂ ਵਿੱਚ ਸਹਿਯੋਗ ਨੂੰ ਵਧਾਉਣ ਅਤੇ ਡੂੰਘਾ ਕਰਨ ਅਤੇ ਦੋਵਾਂ ਸਰਕਾਰਾਂ ਨੂੰ ਆਪਸੀ ਹਿੱਤਾਂ ਦੇ ਖੇਤਰੀ ਅਤੇ ਆਲਮੀ ਮਾਮਲਿਆਂ ਬਾਰੇ ਵਿਚਾਰ ਵਟਾਂਦਰੇ ਕਰਨ ਦਾ ਮੌਕਾ ਮਿਲੇਗਾ।

4. ਪ੍ਰਧਾਨ ਮੰਤਰੀ ਇਸ ਤੋਂ ਬਾਅਦ ਡੈਨਮਾਰਕ ਦੇ ਪ੍ਰਧਾਨ ਮੰਤਰੀ ਮਹਾਮਹਿਮ ਸ਼੍ਰੀਮਤੀ ਮੈਟ ਫਰੈਡਰਿਕਸਨ ਦੇ ਸੱਦੇ 'ਤੇ ਕੋਪਨਹੇਗਨ ਦੀ ਅਧਿਕਾਰਿਤ ਯਾਤਰਾ ਕਰਨਗੇ। ਉਹ ਡੈਨਮਾਰਕ ਦੁਆਰਾ ਕਰਾਏ ਜਾਣ ਵਾਲੇ ਦੂਜੇ ਭਾਰਤ-ਨੋਰਡਿਕ ਸੰਮੇਲਨ ਵਿੱਚ ਵੀ ਹਿੱਸਾ ਲੈਣਗੇ।

5. ਇਸ ਦੌਰੇ ਦੇ ਦੁਵੱਲੇ ਹਿੱਸੇ ਵਿੱਚ ਪ੍ਰਧਾਨ ਮੰਤਰੀ ਫਰੈਡਰਿਕਸਨ ਨਾਲ ਗੱਲਬਾਤ ਦੇ ਨਾਲ-ਨਾਲ ਮਹਾਰਾਣੀ ਮਾਰਗਰੇਥ II ਨਾਲ ਗੱਲਬਾਤ ਕਰਨਗੇ। ਭਾਰਤ ਅਤੇ ਡੈਨਮਾਰਕ ਵਿਚਕਾਰ ਹਰੀ ਰਣਨੀਤਕ ਭਾਈਵਾਲੀ ਆਪਣੀ ਕਿਸਮ ਦੀ ਪਹਿਲੀ ਵਿਵਸਥਾ ਸੀ। ਇਸ ਦੌਰੇ ਨਾਲ ਦੋਵਾਂ ਪੱਖਾਂ ਨੂੰ ਇਸਦੀ ਤਰੱਕੀ ਦੀ ਸਮੀਖਿਆ ਕਰਨ ਦਾ ਮੌਕਾ ਮਿਲੇਗਾ, ਨਾਲ ਹੀ ਸਾਡੇ ਬਹੁਪੱਖੀ ਸਹਿਯੋਗ ਨੂੰ ਹੋਰ ਵਧਾਉਣ ਦੇ ਤਰੀਕਿਆਂ ਦੀ ਪੜਚੋਲ ਹੋਵੇਗੀ। ਇਸ ਦੌਰੇ ਦੌਰਾਨ ਪ੍ਰਧਾਨ ਮੰਤਰੀ ਭਾਰਤ-ਡੈਨਮਾਰਕ ਵਪਾਰਕ ਫੋਰਮ ਵਿੱਚ ਸ਼ਾਮਲ ਹੋਣਗੇ ਅਤੇ ਭਾਰਤੀ ਪ੍ਰਵਾਸੀਆਂ ਨੂੰ ਵੀ ਸੰਬੋਧਨ ਕਰਨਗੇ।

6. ਦੂਜੇ ਭਾਰਤ-ਨੋਰਡਿਕ ਸਿਖਰ ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਹੋਰ ਨੌਰਡਿਕ ਨੇਤਾਵਾਂ - ਆਈਸਲੈਂਡ ਦੇ ਪ੍ਰਧਾਨ ਮੰਤਰੀ ਕੈਟਰੀਨ ਜੈਕੋਬਸਡੋਟਿਰ, ਨਾਰਵੇ ਦੇ ਪ੍ਰਧਾਨ ਮੰਤਰੀ ਜੋਨਾਸ ਗਹਿਰ ਸਟੋਰ, ਸਵੀਡਨ ਦੀ ਪ੍ਰਧਾਨ ਮੰਤਰੀ ਮੈਗਡਾਲੇਨਾ ਐਂਡਰਸਨ ਅਤੇ ਫਿਨਲੈਂਡ ਦੀ ਪ੍ਰਧਾਨ ਮੰਤਰੀ ਸਨਾ ਮਾਰਿਨਨਾਲ ਵੀ ਗੱਲਬਾਤ ਕਰਨਗੇ। ਇਹ ਸੰਮੇਲਨ ਮਹਾਂਮਾਰੀ ਤੋਂ ਬਾਅਦ ਦੀ ਆਰਥਿਕ ਬਹਾਲੀ, ਜਲਵਾਯੂ ਪਰਿਵਰਤਨ, ਨਵੀਨਤਾ ਅਤੇ ਤਕਨਾਲੋਜੀ, ਨਵਿਆਉਣਯੋਗ ਊਰਜਾ, ਵਿਕਾਸਸ਼ੀਲ ਵਿਸ਼ਵ ਸੁਰੱਖਿਆ ਦ੍ਰਿਸ਼ ਅਤੇ ਆਰਕਟਿਕ ਖੇਤਰ ਵਿੱਚ ਭਾਰਤ-ਨੋਰਡਿਕ ਸਹਿਯੋਗ ਵਰਗੇ ਵਿਸ਼ਿਆਂ 'ਤੇ ਕੇਂਦਰਿਤ ਹੋਵੇਗਾ। ਪਹਿਲਾ ਭਾਰਤ-ਨੋਰਡਿਕ ਸੰਮੇਲਨ 2018 ਵਿੱਚ ਸਟਾਕਹੋਮ ਵਿੱਚ ਹੋਇਆ ਸੀ।

7. 4 ਮਈ, 2022 ਨੂੰ ਆਪਣੀ ਵਾਪਸੀ ਯਾਤਰਾ ਦੌਰਾਨ ਪ੍ਰਧਾਨ ਮੰਤਰੀ ਪੈਰਿਸ ਵਿਖੇ ਥੋੜ੍ਹੇ ਸਮੇਂ ਲਈ ਰੁਕਣਗੇ ਅਤੇ ਫਰਾਂਸ ਦੇ ਰਾਸ਼ਟਰਪਤੀ ਮਹਾਮਹਿਮ ਸ੍ਰੀ ਇਮੈਨੁਅਲ ਮੈਕਰੋਨ ਨੂੰ ਮਿਲਣਗੇ. ਭਾਰਤ ਅਤੇ ਫਰਾਂਸ ਇਸ ਸਾਲ ਆਪਣੇ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੇ 75ਸਾਲਾਂ ਦਾ ਜਸ਼ਨ ਮਨਾ ਰਹੇ ਹਨ ਅਤੇ ਦੋਵਾਂ ਨੇਤਾਵਾਂ ਦੀ ਮੁਲਾਕਾਤ ਸਦਕਾ ਰਣਨੀਤਕ ਭਾਈਵਾਲੀ ਨਾਲ ਵਧੇਰੇ ਸਰਗਰਮ ਏਜੰਡਾ ਤੈਅ ਹੋਵੇਗਾ।

ਨਵੀਂ ਦਿੱਲੀ

27 ਅਪ੍ਰੈਲ, 2022

DISCLAIMER: This is an approximate translation. The original is available in English on MEA's website and may be referred to as the official press release.